ਦਫਤਰ ਕਾਰਜਕਾਰੀ ਇੰਜੀਨੀਅਰ, ਕੇਂਦਰੀ ਕਾਰਜ ਮੰਡਲ ਨੰ. 3.
ਲੋਕ ਨਿਰਮਾਣ ਵਿਭਾਗ, (ਭਵਨ ਤੇ ਮਾਰਗ ਸ਼ਾਖਾ) ਲੁਧਿਆਣਾ।
ਟੈਲੀਫੋਨ ਅਤੇ ਫੈਕਸ ਨੰਬਰ 0161-2922223, ਈ-ਮੇਲ psrsp.ldh@prbdb.gov.in

ਨੰਬਰ/ਕ.ਇ/ਕ.ਕ.ਮੰ3/ਲੁਧਿ/......311........ ਮਿਤੀ...25/02/2022

ਵੱਲ,

M/s O.P. Spring Industries.
Village Thalla,
Tehsil Phillaur,
Distt- Jalandhar.

ਵਿਸ਼ਾ **O.P. Spring Industries situated on Phillaur to Rahon Road at Village Thalla,Tehsil Phillaur,District Jalandhar** ਲਈ ਰਸਤੇ ਦੀ **NOC** ਲੈਣ ਸਬੰਧੀ।

ਹਵਾਲਾ:- ਇਸ ਦਫਤਰ ਦੇ ਪੱਤਰ ਨੰ.296 ਮਿਤੀ 15/02/2022 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਰਸਤੇ ਦੀ ਐਨ.ਓ.ਸੀ. ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਜਾਰੀ ਕੀਤੀ ਜਾਂਦੀ ਹੈ:-

1. ਇਹ ਐਨ.ਓ.ਸੀ. ਪ੍ਰਾਪਤ ਹੋਏ ਨਕਸ਼ੇ/ਡਾਕੂਮੈਂਟ ਦੇ ਅਧਾਰ ਤੇ ਦਿੱਤੀ ਜਾਂਦੀ ਹੈ।ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਇਸ ਵਿੱਚ ਕੋਈ ਵੀ ਤਬਦੀਲੀ ਨਾਂ ਕੀਤੀ ਜਾਵੇ।
2. ਸ਼ਡਿਊਲ ਰੋਡ ਐਕਟ,ਪੁੱਡਾ ਐਕਟ ਅਤੇ ਸਰਕਾਰ ਵਲੋਂ ਸਮੇਂ-ਸਮੇਂ ਤੇ ਜੋ ਹਦਾਇਤਾਂ ਲਾਗੂ ਹੋਣਗੀਆਂ,ਸਬੰਧਤ ਮਾਲਕ ਉਹਨਾਂ ਪ੍ਰਤੀ ਪਾਬੰਦ ਹੋਵੇਗਾ।
3. ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਇਸ ਜਗ੍ਹਾ ਤੇ ਉਪਰ ਕਿਸੇ ਤਰ੍ਹਾਂ ਦਾ ਵੀ.ਟਰੈਫਿਕ ਚੱਲਣ ਵਿੱਚ,ਵਿਘਨ ਨਾਂ ਪਵੇ ਅਤੇ ਕਿਸੇ ਤਰ੍ਹਾਂ ਦੀ ਦੁਰਘਟਨਾ ਨਾ ਵਾਪਰ ਸਕੇ।ਇਸ ਲਈ ਲੋੜੀਂਦੇ ਪ੍ਰਬੰਧ ਮਾਲਕ ਵਲੋਂ ਕੀਤੇ ਜਾਣਗੇ।
4. ਜੇਕਰ ਭਵਿੱਖ ਵਿੱਚ ਸਰਕਾਰ ਵੱਲੋਂ ਇਸ ਸੜਕ ਨੂੰ ਚੌੜਾ ਕਰਨ ਦੀ ਕੋਈ ਤਜਵੀਜ਼ ਹੋਈ ਤਾਂ ਸਬੰਧਤ ਫੈਕਟਰੀ ਦਾ ਮਾਲਕ ਮੌਕੇ ਉਪਰ ਕੀਤੀ ਗਈ ਕਿਸੇ ਤਰ੍ਹਾਂ ਦੀ ਵੀ ਉਸਾਰੀ ਨੂੰ ਪਿੱਛੇ ਹਟਾ ਲਵੇਗਾ ਅਤੇ ਉਸ ਵਿੱਚ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।
5. ਜੇਕਰ ਭਵਿੱਖ ਵਿੱਚ ਲੋਕ ਨਿਰਮਾਣ ਵਿਭਾਗ ਨੂੰ ਸੜ੍ਹਕ ਚੌੜ੍ਹਾ ਅਤੇ ਅਪਗਰੇਡ ਕਰਨ ਲਈ ਹੋਰ ਜ਼ਮੀਨ ਦੀ ਲੋੜ ਹੋਵੇਗੀ ਤਾਂ ਸਬੰਧਤ ਫੈਕਟਰੀ ਮਾਲਕ ਇਹ ਜ਼ਮੀਨ ਦੇਣ ਦਾ ਪਾਬੰਦ ਹੋਵੇਗਾ।
6. ਮੌਕੇ ਉਪਰ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਵਣ ਵਿਭਾਗ,ਟੈਲੀਫੋਨ ਵਿਭਾਗ ਅਤੇ ਬਿਜਲੀ ਵਿਭਾਗ ਤੋਂ ਲੋੜੀਂਦਾ ਐਨ.ਓ.ਸੀ. ਵੱਖਰੇ ਤੌਰ ਤੇ ਪ੍ਰਾਪਤ ਕਰ ਲਿਆ ਜਾਵੇ।
7. ਲੋਕ ਨਿਰਮਾਣ ਵਿਭਾਗ ਦੀ ਜਗ੍ਹਾ ਦੀ ਵਰਤੋਂ ਕਰਨ ਦੇ ਸਬੰਧ ਵਿੱਚ ਮਾਲਕ ਵਲੋਂ ਲੋਕ ਨਿਰਮਾਣ ਵਿਭਾਗ ਨੂੰ ਲੋੜੀਂਦੀ ਲੀਜ਼ ਮਨੀ ਚਾਰਜਿਜ ਸਰਕਾਰ ਦੀਆਂ ਜਾਰੀ ਕੀਤੀਆਂ ਹਦਾਇਤਾਂ ਮੁਤਾਬਿਕ ਸਮੇਂ-ਸਮੇਂ ਤੇ ਜਮ੍ਹਾਂ ਕਰਾਉਣ ਦੇ ਪਾਬੰਦ ਹੋਵੋਗੇ।ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਆਪ ਵਲੋਂ ਜਮ੍ਹਾਂ ਕਰਵਾਈ ਗਈ ਲੀਜ਼ ਮਨੀ ਸਿਰਫ 5 ਸਾਲਾਂ ਵਾਸਤੇ ਹੈ,ਇਸ ਤੋਂ ਬਾਅਦ ਦੁਬਾਰਾ ਲੀਜ਼ ਮਨੀ ਜਮ੍ਹਾਂ ਕਰਵਾਈ ਜਾਵੇਗੀ।
8. ਫੈਕਟਰੀ ਦੀ ਅਪਰੋਚ ਰੋਡ ਦਾ ਲੈਵਲ ਲੋਕ ਨਿਰਮਾਣ ਵਿਭਾਗ ਦੀ ਸੜ੍ਹਕ ਤੋਂ ਨੀਵਾਂ ਹੋਣਾ ਚਾਹੀਦਾ ਹੈ ਅਤੇ ਸੜ੍ਹਕ ਦੇ ਨਾਲ ਪਾਣੀ ਦੀ ਨਿਕਾਸੀ ਵਾਸਤੇ ਡਰੇਨ ਬਣਾਈ ਜਾਵੇ।
9. ਉਪਰੋਕਤ ਸ਼ਰਤਾਂ ਦੀ ਪਾਲਣਾਂ ਨਾਂ ਕਰਨ ਦੀ ਸੂਰਤ ਵਿੱਚ ਇਹ ਐਨ.ਓ.ਸੀ. ਕਿਸੇ ਸਮੇਂ ਵੀ ਰੱਦ ਕੀਤੀ ਜਾ ਸਕਦੀ ਹੈ ਅਤੇ ਇਸ ਤੇ ਇਤਰਾਜ਼ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ।

ਨੱਥੀ/ ਅਪਰੂਵਡ ਨਕਸ਼ਾ

ਕਾਰਜਕਾਰੀ ਇੰਜੀਨੀਅਰ,
ਕੇਂਦਰੀ ਕਾਰਜ ਮੰਡਲ ਨੰਬਰ 3,
ਲੁਧਿਆਣਾ।